| | | |
|---|---|---|
| | **BCM SCHOOL BASANT AVENUE DUGRI LUDHIANA**<br>**ਜਮਾਤ ਸੱਤਵੀਂ**<br>**ਪੰਜਾਬੀ** | |
| ਪ੍ਰਸ਼ਨ<br><br><br><br><br><br><br><br><br><br><br><br>ਪ੍ਰਸ਼ਨ | ਹੇਠਾਂ ਦਿੱਤੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨ 1 ਤੋਂ 3 ਦੇ ਉੱਤਰ ਲਿਖੋ।<br>ਅੰਮ੍ਰਿਤਸਰ ਉੱਤਰੀ ਭਾਰਤ ਦਾ ਵੱਡਾ ਵਪਾਰਕ ਤੇ ਉਦਯੋਗਿਕ ਕੇਂਦਰ ਹੈ। ਇੱਥੇ ਅਨਾਜ ,ਕੱਪੜੇ ਅਤੇ ਖੁਸ਼ਕ ਮੇਵਿਆਂ ਦੀਆਂ ਮੰਡੀਆਂ ਹਨ। ਦਰੀਆਂ , ਗ਼ਲੀਚੇ ਅਤੇ ਸ਼ਾਲਾਂ ਬਨਾਉਣ ਦੇ ਕਈ ਕਾਰਖ਼ਾਨੇ ਵੀ ਹਨ। ਹਾਥੀ ਦੰਦ ਦਾ ਅਤੇ ਕੁਝ ਹੋਰ ਕਲਾਤਮਕ ਕੰਮ ਹੱਥਾਂ ਨਾਲ ਹੁੰਦਾ ਹੈ। ਅੰਮ੍ਰਿਤਸਰ ਦਾ ਸਾਬਣ ਤੇ ਪਾਪੜ ਵੜੀਆਂ ਦੂਰ- ਦੂਰ ਤੱਕ ਸੁਗ਼ਾਤ ਵਜੋਂ ਜਾਂਦੀਆਂ ਹਨ।ਹਰ ਸਾਲ ਲੱਖਾਂ ਯਾਤਰੀਆਂ ਦੇ ਆਉਣ ਨਾਲ ਇਹਦੇ ਵਪਾਰ ਵਿੱਚ ਦਿਨੋਂ – ਦਿਨ ਵਾਧਾ ਹੋ ਰਿਹਾ ਹੈ।<br>1.ਪ੍ਰਸ਼ਨ - ਅੰਮ੍ਰਿਤਸਰ ਭਾਰਤ ਦੇ ਕਿਸ ਭਾਗ ਵਿੱਚ ਹੈ?<br>ੳ.ਉੱਤਰ ਅ.ਦੱਖਣ ੲ. ਪੱਛਮ<br>2.ਪ੍ਰਸ਼ਨ-ਅੰਮ੍ਰਿਤਸਰੋਂ ਸੁਗ਼ਾਤ ਵਜੋਂ ਕੀ ਲਿਆ ਜਾਂਦਾ ਹੈ?<br>ੳ.ਪਾਪੜ ਅ.ਦਰੀਆਂ ੲ.ਗਲੀਚੇ<br>3.ਪ੍ਰਸ਼ਨ- ਹਰ ਸਾਲ ਅੰਮ੍ਰਿਤਸਰ ਦੇ ਵਪਾਰ ਵਿੱਚ ਕਿਉਂ ਵਾਧਾ ਹੋ ਰਿਹਾ ਹੈ?<br>ੳ.ਸੁੱਕੇ ਮੇਵੇ ਦੀਆਂ ਮੰਡੀਆਂ ਕਰਕੇ ਅ.ਕਲਾਤਮਕ ਕੰਮਾਂ ਕਰਕੇ ੲ.ਲੱਖਾਂ ਯਾਤਰੀਆਂ ਦੇ ਆਉਣ ਕਰਕੇ<br>ਅਣਡਿੱਠੀ ਕਾਵਿ ਟੁਕੜੀ:-<br>ਛਲ ਛਲ ਕਰਦੇ ਵਗਦੇ ਨਾਲੇ<br>ਦਰਿਆਂਵਾਂ ਦੇ ਅਸੀਂ ਉਛਾਲੇ।<br>ਦੋਸਤੀਆਂ ਦੇ ਕੰਡਿਆਂ ਅੰਦਰ<br>ਵਹਿੰਦੇ ਹਾਂ ਰਲ ਸਾਰੇ।<br>ਕਦਮ ਮਿਲਾ ਕੇ ਟੁਰਦੇ ਜਾਈਏ<br>ਕਦਮ-ਕਦਮ ਤੇ ਜੋਤ ਜਗਾਈਏ।<br>ਜਿੱਥੇ ਕਦਮ ਅਸੀਂ ਹਾਂ ਰੱਖਦੇ<br>ਮਿਟ ਜਾਂਦੇ ਅੰਧਿਆਰੇ।<br>ੳ.ਇਸ ਕਵਿਤਾ ਵਿੱਚ ਕਵੀ ਆਪਣੇ ਬਾਰੇ ਕੀ ਆਖਦਾ ਹੈ?<br>ਅ. ਕਵੀ ਆਪਣੇ ਆਪ ਨੂੰ ਚਾਨਣ ਦਾ ਪ੍ਰਤੀਕ ਕਿਵੇਂ ਸਮਝਦਾ ਹੈ?<br>ੲ. ਕਦਮ-ਕਦਮ ਤੇ ਜੋਤ ਜਗਾਉਣ ਦਾ ਕੀ ਭਾਵ ਹੈ? | |
| ਪ੍ਰਸ਼ਨ | **ਵਿਆਕਰਨ**<br>‘**ਚਿੱਟਾ ਲਹੂ ‘ਨਾਨਕ ਸਿੰਘ ਦੀ ਸਭ ਤੋਂ ਉੱਤਮ ਰਚਨਾ ਹੈ।** ਵਾਕ ਵਿੱਚ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਦੀ ਵਰਤੋਂ ਕਰਕੇ ਲਿਖੋ।<br>ੳ.ਵਧੀਆ ਅ.ਸ੍ਰੇਸ਼ਟ ੲ.ਬੇਕਾਰ | |

| | | |
|---|---|---|
| ਪ੍ਰਸ਼ਨ | '**ਰੰਗੀਲਾ'** ਸ਼ਬਦ ਵਿੱਚੋਂ ਸਹੀ ਪਿਛੇਤਰ ਸ਼ਬਦ ਲਿਖੋ।<br>ੳ.ਲਾ ਅ. ਇਲਾ ੲ. ਈਲਾ | |
| ਪ੍ਰਸ਼ਨ | 'ਜਿਹੜੇ ਬੱਚੇ ਪਹਿਲਾਂ ਮਿਹਨਤ ਨਹੀਂ ਕਰਦੇ ਉਹ ਬਾਅਦ ਵਿੱਚ -----------------ਹਨ।<br>ੳ.ਹੱਥ ਦਿਖਾਉਣੇ ਅ.ਹੱਥ ਧੋ ਬਹਿੰਦੇ ੲ.ਹੱਥ ਮਲਦੇ<br>ਵਾਕ ਵਿੱਚ ਢੁਕਵੇਂ ਮੁਹਾਵਰੇ ਦੀ ਵਰਤੋਂ ਕਰਕੇ ਵਾਕ ਨੂੰ ਪੂਰਾ ਕਰੋ। | |
| ਪ੍ਰਸ਼ਨ | ਮਹਾਰਾਜਾ ਰਣਜੀਤ ਸਿੰਘ ਦੀ ਸ਼ਮਸ਼ੀਰ ਤੋਂ ਸਭ ਡਰਦੇ ਸਨ। ਉਪਰੋਕਤ ਵਾਕ ਵਿੱਚ **ਸ਼ਮਸ਼ੀਰ** ਸ਼ਬਦ ਦਾ<br>ਸਮਾਨਾਰਥਕ ਸ਼ਬਦ ਲਿਖ ਕੇ ਵਾਕ ਨੂੰ ਦੁਬਾਰਾ ਲਿਖੋ। | |
| ਪ੍ਰਸ਼ਨ | **ਸਹਿਮਤ** ਸ਼ਬਦ ਵਿੱਚੋਂ ਸਹੀ ਅਗੇਤਰ ਸ਼ਬਦ ਲਿਖੋ।<br>ੳ.ਸ ਅ. ਸਹ ੲ. ਸਹਿ | |
| ਪ੍ਰਸ਼ਨ | ੳ.ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿੰਨੇ ਅੱਖਰ ਵਰਤੇ ਜਾਂਦੇ ਹਨ?<br>ਅ.ਸ਼ਬਦ ਰਚਨਾ ਅਨੁਸਾਰ ਸ਼ਬਦ ਕਿੰਨੇ ਪ੍ਰਕਾਰ ਦੇ ਹੁੰਦੇ ਹਨ? | |
| ਪ੍ਰਸ਼ਨ | **ਪਾਣੀ ਤਰਲ ਹੈ ਤੇ ਬਰਫ਼ --------- ਹੈ।** ਵਾਕ ਵਿੱਚ ਵਿਰੋਧੀ ਸ਼ਬਦ ਦੀ ਵਰਤੋਂ ਕਰਕੇ ਵਾਕ ਪੂਰਾ ਕਰੋ।<br>ੳ.ਦ੍ਰਵ ਅ. ਗੈਸ ੲ. ਠੋਸ। | |
| ਪ੍ਰਸ਼ਨ | ( ਲਿਖ਼ਤੀ ਭਾਗ)<br>ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਇੱਕ- ਦੋ ਸਤਰ੍ਹਾਂ ਵਿੱਚ ਲਿਖੋ।<br>ੳ. ਘਨੱਈਆ ਨਾ ਦਾ ਬੱਚਾ ਕਿਸ ਪਿੰਡ ਵਿੱਚ ਰਹਿੰਦਾ ਸੀ?<br>ਅ. ਗਦਰ ਲਹਿਰ ਦੇ ਮੋਢੀ ਕੌਣ ਸਨ?<br>ੲ. ਮਾਂ ਦੇ ਪੇਕਿਆਂ ਵੱਲੋਂ ਮਾਂ ਨੂੰ ਕਿਸ ਨੇ ਦੁੱਖ ਦਿੱਤੇ?<br>ਸ. ਵਿਦਿਆ ਕਿਵੇਂ ਪ੍ਰਾਪਤ ਕੀਤੀ ਜਾਂਦੀ ਹੈ?<br>ਹ. ਸਮਾਂ ਬੜਾ ਬਲਵਾਨ ਹੈ ਦਾ ਕੀ ਅਰਥ ਹੈ? | |
| ਪ੍ਰਸ਼ਨ | ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 4-5 ਸਤਰ੍ਹਾ ਵਿੱਚ ਲਿਖੋ।<br>ੳ. ਬੇਈਮਾਨੀ ਦੀ ਕਮਾਈ ਤੋਂ ਬਾਅਦ ਸ਼ਰਮਾ ਜੀ ਦੇ ਪਰਿਵਾਰ ਵਿੱਚ ਕੀ ਕੀ ਬਦਲਾਓ ਆਏ?<br>ਅ.ਭਾਈ ਵੀਰ ਸਿੰਘ ਕੌਣ ਸਨ? ਉਨਾਂ ਨੇ ਸਮੇਂ ਬਾਰੇ ਕੀ-ਕੀ ਲਿਖਿਆ ਹੈ।<br>ੲ. ਬਾਬਾ ਗੁਰਦਿੱਤ ਸਿੰਘ ਜੀ ਦੇ ਜਨਮ ਅਤੇ ਬਚਪਨ ਬਾਰੇ ਲਿਖੋ? | |
| ਪ੍ਰਸ਼ਨ | ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ।<br>ਖੋਜਾਂ, ਅਪਰਾਧੀ | |
| ਪ੍ਰਸ਼ਨ | ਹੇਠ ਲਿਖੇ ਸ਼ਬਦ ਦਾ ਵਾਕ ਬਣਾਓ।<br>ਬੇਈਮਾਨ | |
| ਪ੍ਰਸ਼ਨ | ਖ਼ਾਲੀ ਥਾਵਾਂ ਭਰੋ।<br>ੳ. ਸ਼ਰਮਾ ਜੀ ਦਫਤਰ ਵਿੱਚ_______ ਕੰਮ ਕਰਦੇ ਸਨ।<br>ਅ.ਨੈਪੋਲੀਅਨ ਇੱਕ ਬਹੁਤ ਵੱਡਾ ________ ਸੀ। | |
| ਪ੍ਰਸ਼ਨ | ਖਾਲੀ ਥਾਂ ਭਰੋ। | |

| | | |
|---|---|---|
| | ਨਾਂਵ _______ ਪ੍ਰਕਾਰ ਦੇ ਹੁੰਦੇ ਹਨ। | |
| ਪ੍ਰਸ਼ਨ | ਹੇਠਾਂ ਦਿੱਤੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ।<br>ੳ. ਤਯਾਗ ਅ.ਮਲਾਯਾ | |
| ਪ੍ਰਸ਼ਨ | **ਰਵਾਨਾ** ਸ਼ਬਦ ਦੇ ਸਮਾਨਾਰਥਕ ਸ਼ਬਦ ਲਿਖੋ। | |
| ਪ੍ਰਸ਼ਨ | ਹੇਠਾਂ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ।<br>ੳ. ਸਵਾਲ ਅ. ਨੁਕਸਾਨ | |
| ਪ੍ਰਸ਼ਨ | **ਲੇਖ ਲਿਖੋ।**<br>ਸੁਤੰਤਰਤਾ ਦਿਵਸ<br>**ਪੱਤਰ ਲਿਖੋ।**<br>ਮੁੱਖ ਅਧਿਆਪਕ ਜੀ ਨੂੰ ਸਕੂਲ ਵਿੱਚ ਕਮਰੇ ਦੀ ਸਫਾਈ ਤੇ ਬਿਜਲੀ ਰੋਸ਼ਨੀ ਦੇ ਪ੍ਰਬੰਧ ਲਈ ਅਰਜੀ ਲਿਖੋ | |